The Scottish Parliament
Pàrlamaid na h-Alba





**30 ਜੂਨ, 2012
ਤੋਂ ਮੰਨਣਯੋਗ**

# ਸਕਾਟਿਸ਼ ਪਾਰਲੀਮੈਂਟ ਨੂੰ ਜਾਣੋ

## ਪਾਰਲੀਮੈਂਟ ਦਾ ਮੁਫ਼ਤ ਦੌਰਾ ਕਰੋ

ਅਸੀਂ ਆਮ ਤੌਰ ਤੇ ਹਫ਼ਤੇ ਦੇ ਛੇ ਦਿਨ ਖੁੱਲੇ ਰਹਿੰਦੇ ਹਾਂ, ਅਤੇ ਪ੍ਰਵੇਸ਼ ਮੁਫ਼ਤ ਹੈ। ਤੁਸੀਂ ਬਿਨਾਂ ਬੁਕਿੰਗ ਦੇ ਸਾਡੇ ਪਬਲਿਕ ਏਰੀਆ ਨੂੰ ਤੁਰ ਫਿਰ ਕੇ ਦੇਖ ਸਕਦੇ ਹੋ।

**ਗੈਰ-ਕੰਮਕਾਜੀ ਦਿਨਾਂ** ਤੋਂ ਤੁਸੀਂ ਆਮ ਤੌਰ ਤੇ ਸਾਡੇ ਗਾਈਡਡ (ਨਿਰਦੇਸ਼ਕ ਤਹਿਤ) ਲੋਕ ਪ੍ਰਿਯ ਮੁਫ਼ਤ ਇਕ ਟੂਅਰ ਤੇ ਵੀ ਜਾ ਸਕਦੇ ਹੋ ਜੋ ਸਾਧਾਰਣ ਤੌਰ ਤੇ ਇਕ ਘੰਟੇ ਦਾ ਹੁੰਦਾ ਹੈ ਅਤੇ ਇਸ ਵਿਚ ਆਮ ਤੌਰ ਤੇ ਡਿਬੇਟਿੰਗ ਚੈਂਬਰ ਦੇ ਅੰਦਰ ਤਕ ਜਾਣਾ ਸ਼ਾਮਿਲ ਹੁੰਦਾ ਹੈ।

**ਟੂਅਰ ਲਈ ਅਗਾਉਂ ਬੁਕਿੰਗ ਕਰਵਾਉਣ ਦੀ ਸਲਾਹ ਦਿੱਤੀ ਜਾਂਦੀ ਹੈ।** ਟੂਅਰ ਵਿਚ ਕੁਝ ਦੇਰ ਖੜ੍ਹੇ ਰਹਿਣਾ ਅਤੇ ਪੌੜੀਆਂ ਚੜ੍ਹਨਾ ਵੀ ਸ਼ਾਮਿਲ ਹੈ। ਕਿਰਪਾ ਕਰਕੇ ਉਪਲਬਧ ਸਹਾਇਤਾ ਬਾਰੇ ਵੇਰਵੇ ਬਾਰੇ ਪੁੱਛੋ।

## ਪਾਰਲੀਮੈਂਟ ਨੂੰ ਕੰਮਕਾਜ ਕਰਦਿਆਂ ਮੁਫ਼ਤ ਵੇਖੋ

ਪਾਰਲੀਮੈਂਟ ਦੇ ਕੰਮਕਾਜੀ ਦਿਨਾਂ ਤੇ, ਤੁਸੀਂ ਡਿਬੇਟਿੰਗ ਚੈਂਬਰ ਵਿਚ ਕਿਸੇ ਕਮੇਟੀ ਜਾਂ ਪਾਰਲੀਮੈਂਟ ਦੀ ਹੋ ਰਹੀ ਮੀਟਿੰਗ ਨੂੰ ਵੇਖ ਸਕਦੇ ਹੋ, ਪਰ ਨਿਰਭਰ ਕਰਦਾ ਹੈ ਤੁਸੀਂ ਕਦੋਂ ਜਾਣਾ ਚਾਹੁੰਦੇ ਹੋ। ਪਾਰਲੀਮੈਂਟ ਦੇ ਕੰਮਕਾਜ ਦੇ ਦਿਨ ਅਕਸਰ, ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ ਹਨ।

**ਅਗਾਉਂ ਬੁਕਿੰਗ ਕਰਵਾਉਣ ਦੀ ਸਲਾਹ ਦਿੱਤੀ ਜਾਂਦੀ ਹੈ**, ਅਤੇ ਹਰ ਵੀਰਵਾਰ ਨੂੰ ਫਸਟ ਮਿਨਿਸਟਰ ਦੇ ਸਵਾਲਾਂ ਦੇ ਸਮੇਂ ਨੂੰ ਵੇਖਣ ਲਈ **ਜ਼ਰੂਰੀ ਹੈ**।

## ਖੁੱਲ੍ਹਣ ਦਾ ਸਮਾਂ

**ਹ.ਫਤੇ ਦੌਰਾਨ**
**ਕੰਮਕਾਜੀ ਦਿਨ**
(ਆਮ ਤੌਰ ਤੇ ਮੰਗਲਵਾਰ - ਵੀਰਵਾਰ ਤਕ)
ਪੂਰਾ ਸਾਲ: ਸਵੇਰੇ 09.00 ਵਜੇ ਤੋਂ 18.30 ਵਜੇ ਤਕ

**ਗੈਰ-ਕੰਮਕਾਜੀ ਦਿਨ**
(ਆਮ ਤੌਰ ਤੇ ਸੋਮਵਾਰ ਅਤੇ ਸ਼ੁਕਰਵਾਰ ਅਤੇ ਜਦੋਂ ਪਾਰਲੀਮੈਂਟ ਦਾ ਸਮਾਗਮ ਨਾ ਹੋ ਰਿਹਾ ਹੋਵੇ, ਹਫ਼ਤੇ ਦੇ ਸਾਰੇ ਦਿਨ)
ਪੂਰਾ ਸਾਲ: ਸਵੇਰੇ 10.00 ਵਜੇ ਤੋਂ 17.00 ਵਜੇ ਤਕ

**ਸਨਿੱਚਰਵਾਰ ਅਤੇ ਜਨਤਕ ਛੁੱਟੀਆਂ**
ਪੂਰਾ ਸਾਲ: ਸਵੇਰੇ 10.00 ਵਜੇ ਤੋਂ 17.00 ਵਜੇ ਤਕ

**ਹਰ ਐਤਵਾਰ ਬੰਦ ਹੁੰਦਾ ਹੈ**

**ਬੰਦ ਕਰਨ ਦੇ ਸਮੇਂ ਤੋਂ 30 ਮਿੰਟ ਪਹਿਲਾਂ ਆਖ਼ਰੀ ਵਿਅਕਤੀ ਨੂੰ ਪ੍ਰਵੇਸ਼ ਕਰਨ ਦਿੱਤਾ ਜਾਂਦਾ ਹੈ**

ਕਿਰਪਾ ਕਰਕੇ ਯਾਦ ਰੱਖੋ ਕਿ ਸਾਡੀ ਪਾਰਲੀਮੈਂਟ ਕੰਮ ਕਰਦੀ ਹੈ। ਇਸਨੂੰ ਵੇਖਣ ਦੇ ਸਾਰੇ ਇੰਤਜ਼ਾਮ ਪਾਰਲੀਮੈਂਟ ਦੇ ਕੰਮਕਾਜ ਤੇ ਨਿਰਭਰ ਕਰਦੇ ਹਨ, ਜੋ ਬਹੁਤ ਥੋੜ੍ਹੇ ਨੋਟਿਸ ਤੇ ਬਦਲੇ ਜਾ ਸਕਦੇ ਹਨ।

ਰੁਤ ਅਨੁਸਾਰ ਬੰਦ ਹੋਣ ਦੀਆਂ ਤਾਰੀਖਾਂ, ਖੁੱਲ੍ਹਣ ਦੇ ਸਮੇਂ ਅਤੇ ਸੰਪਰਕ ਵੇਰਵੇ ਲਈ ਕਿਰਪਾ ਕਰਕੇ ਸਾਡੀ ਵੈਬਸਾਈਟ ’ਤੇ ਵੇਖੋ।

© ਸਕਾਟਿਸ਼ ਪਾਰਲੀਮੈਂਟਰੀ ਕਾਰਪੋਰੇਟ ਬਾਡੀ 2012। ਦੂਜਾ ਸੰਸਕਰਨ, ਜੁਲਾਈ 2012

LC15846 - 07/12